# ਕੰਮ ਉਤੇ ਸੁਰੱਖਿਆ ਹਰ ਇਕ ਦੀ ਜ਼ਿੰਮੇਵਾਰੀ ਹੈ

## ਮਾਲਕ ਦੀਆਂ ਜ਼ਿੰਮੇਵਾਰੀਆਂ

- ਇਕ ਸੁਰੱਖਿਅਤ ਤੇ ਸਿਹਤਮੰਦ ਕਾਰਜਸ਼ਾਲਾ ਸਥਾਪਤ ਕਰੋ।
- ਇਹ ਯਕੀਨੀ ਬਨਾਓ ਕਿ ਕਾਮੇ ਪੂਰੀ ਤਰ੍ਹਾਂ ਸਿਖਿਅਤ ਹਨ।
- ਸਿਖਲਾਈ ਦਾ ਲਿਖਤ ਰਿਕਾਰਡ (ਕੌਣ, ਕੀ, ਕਦੋਂ) ਰੱਖੋ।
- ਇਕ ਸਰਬਪੱਖੀ ਕਾਰਵਿਹਾਰੀ ਸਿਹਤ ਤੇ ਸੁਰੱਖਿਆ ਪ੍ਰੋਗਰਾਮ ਸਥਾਪਿਤ ਕਰੋ ਤੇ ਕਾਇਮ ਰੱਖੋ, ਜਿਸ ਵਿਚ ਲਿਖਤੀ ਸਿਹਤ ਤੇ ਸੁਰੱਖਿਆ ਪਾਲਸੀ ਤੇ ਘਟਨਾ ਜਾਂਚ ਪ੍ਰਕਿਰਿਆ ਸ਼ਾਮਿਲ ਹੋਵੇ।
- ਸੁਪਰਵਾਈਜ਼ਰਾਂ, ਸੁਰੱਖਿਆ ਬਾਰੇ ਤਾਲਮੇਲ ਰੱਖਣ ਵਾਲਿਆਂ ਤੇ ਕਾਮਿਆਂ ਦੀ, ਸਿਹਤ ਤੇ ਸੁਰੱਖਿਆ ਗਤੀਵਿਧੀਆਂ ਵਿਚ ਸਹਾਇਤਾ ਕਰੋ।
- ਜਦੋਂ ਕੋਈ ਕਾਮਾ ਜਾਂ ਸੁਪਰਵਾਈਜ਼ਰ ਤੁਹਾਨੂੰ ਕਿਸੇ ਸੰਭਾਵੀ ਖਤਰੇ ਬਾਰੇ ਸੂਚਿਤ ਕਰਦਾ ਹੈ, ਤੁਰੰਤ ਕਾਰਵਾਈ ਕਰੋ।
- ਘਟਨਾਵਾਂ ਦੀ ਜਾਂਚ ਤੁਰੰਤ ਸ਼ੁਰੂ ਕਰੋ।
- ਗੰਭੀਰ ਹਾਦਸਿਆਂ ਦੀ ਸੂਚਨਾਂ ਵਰਕਸੇਫਬੀਸੀ ਨੂੰ ਭੇਜੋ।
- ਉਚਿਤ ਮੁਢਲੀ ਸਹਾਇਤਾ (ਫਸਟ ਏਡ) ਦੀਆਂ ਸਹੂਲਤਾਂ ਤੇ ਸੇਵਾਵਾਂ ਪਰਦਾਨ ਕਰੋ।
- ਜਿੱਥੇ ਜ਼ਰੂਰਤ ਹੋਵੇ, ਨਿਜੀ ਬਚਾਅ ਦਾ ਸਾਜ਼-ਸਾਮਾਨ ਦਿਓ।

WORK SAFE BC

WORKING TO MAKE A DIFFERENCE

worksafebc.com

# ਕੰਮ ਉਤੇ ਸੁਰੱਖਿਆ ਹਰ ਇਕ ਦੀ ਜ਼ਿੰਮੇਵਾਰੀ ਹੈ

## ਸੁਪਰਵਾਈਜ਼ਰ ਦੀਆਂ ਜ਼ਿੰਮੇਵਾਰੀਆਂ

- ਕਾਮਿਆਂ ਨੂੰ ਸੁਰੱਖਿਅਤ ਕੰਮ ਢੰਗਾਂ ਬਾਰੇ ਜਾਣਕਾਰੀ ਦਿਓ।
- ਕਾਮਿਆਂ ਨੂੰ ਦਿੱਤੇ ਸਾਰੇ ਕੰਮਾਂ ਬਾਰੇ ਸਿਖਲਾਈ ਦਿਓ ਤੇ ਜਾਂਚ ਕਰੋ ਕਿ ਉਨ੍ਹਾਂ ਦਾ ਕੰਮ ਸੁਰੱਖਿਅਤ ਢੰਗ ਨਾਲ ਕੀਤਾ ਜਾ ਰਿਹਾ ਹੈ।
- ਇਹ ਯਕੀਨੀ ਬਣਾਓ ਕਿ ਕੇਵਲ ਅਧਿਕਾਰਿਤ, ਪੂਰੀ ਤਰ੍ਹਾਂ ਸਿਖਿਅਤ ਕਾਮੇ ਹੀ ਮਸ਼ੀਨਾਂ ਚਲਾਉਣ ਜਾਂ ਖਤਰੇ ਵਾਲੇ ਰਸਾਇਨਾਂ ਦਾ ਪ੍ਰਯੋਗ ਕਰਨ।
- ਇਹ ਯਕੀਨੀ ਬਣਾਓ ਕਿ ਸਾਜ਼ੋ ਸਮਾਨ ਠੀਕ ਢੰਗ ਨਾਲ ਵਰਤਿਆ ਜਾਂਦਾ ਹੈ, ਸੰਭਾਲਿਆ ਜਾਂਦਾ ਹੈ ਤੇ ਸਹੀ ਹਾਲਤ ਵਿਚ ਰੱਖਿਆ ਜਾਂਦਾ ਹੈ।
- ਸਿਹਤ ਤੇ ਸੁਰੱਖਿਆ ਨਿਯਮਾਂ ਨੂੰ ਲਾਗੂ ਕਰੋ।
- ਅਸੁਰੱਖਿਅਤ ਕਾਰਵਾਈਆਂ ਤੇ ਹਾਲਤਾਂ ਨੂੰ ਠੀਕ ਕਰੋ।
- ਸਮੱਸਿਆ ਵਾਲੇ ਕਾਮਿਆਂ, ਜਿਨ੍ਹਾਂ ਕਰਕੇ ਕਾਰਜਸ਼ਾਲਾ ਦੀ ਸੁਰੱਖਿਆ ਤੇ ਮਾੜਾ ਅਸਰ ਪੈ ਸਕਦਾ ਹੈ, ਦੀ ਪਹਿਚਾਨ ਕਰੋ। ਜਿੱਥੇ ਜ਼ਰੂਰੀ ਹੋਵੇ, ਮੁਲਾਕਾਤਾਂ ਤੇ ਸਲਾਹ ਮਸ਼ਵਰੇ ਲਈ ਭੇਜਣ ਦਾ ਪ੍ਰਬੰਧ ਕਰੋ।
- ਸਿਹਤ ਤੇ ਸੁਰੱਖਿਆ ਨਿਯਮ ਬਣਾਓ ਤੇ ਖਤਰਿਆਂ ਤੇ ਨਿਗਰਾਨੀ ਰੱਖਣ ਲਈ ਕਾਰਜਸ਼ਾਲਾ ਦਾ ਨਿਰੀਖਣ ਕਰੋ।

WORK SAFE BC

WORKING TO MAKE A DIFFERENCE

worksafebc.com

# ਕੰਮ ਉਤੇ ਸੁਰੱਖਿਆ ਹਰ ਇਕ ਦੀ ਜ਼ਿੰਮੇਵਾਰੀ ਹੈ

## ਕਾਮੇ ਦੀਆਂ ਜ਼ਿੰਮੇਵਾਰੀਆਂ

- ਤੁਹਾਡੇ ਕੰਮ ਤੇ ਅਸਰ ਪਾਉਣ ਵਾਲੀਆਂ ਸਿਹਤ ਤੇ ਸੁਰੱਖਿਆ ਦੀਆਂ ਲੋੜਾਂ ਨੂੰ ਜਾਣੋ ਤੇ ਅਮਲ ਕਰੋ।
- ਜੇਕਰ ਤੁਹਾਨੂੰ ਕਿਸੇ ਕੰਮ ਨੂੰ ਸੁਰੱਖਿਅਤ ਢੰਗ ਨਾਲ ਕਰਨ ਬਾਰੇ ਪਤਾ ਨਹੀਂ ਤਾਂ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਸਿਖਲਾਈ ਵਾਸਤੇ ਪੁੱਛੋ।
- ਕੰਮ ਸੁਰੱਖਿਅਤ ਢੰਗ ਨਾਲ ਕਰੋ ਤੇ ਆਪਣੇ ਸਾਥੀ ਕਾਮਿਆਂ ਨੂੰ ਵੀ ਅਜਿਹਾ ਕਰਨ ਲਈ ਪਰੇਰੋ।
- ਕਿਸੇ ਵੀ ਅਨਸੁਰੱਖਿਅਤ ਹਾਲਾਤ ਨੂੰ ਠੀਕ ਕਰੋ ਜਾਂ ਆਪਣੇ ਸੁਪਰਵਾਈਜ਼ਰ ਨੂੰ ਉਸ ਬਾਰੇ ਤੁਰੰਤ ਸੂਚਿਤ ਕਰੋ।
- ਕਿਸੇ ਵੀ ਸੱਟ ਚੋਟ ਬਾਰੇ ਇਤਲਾਹ ਫ਼ੌਰਨ ਮੁਢਲੀ ਸਹਾਇਤਾ (ਫਸਟ ਏਡ) ਕਰਮਚਾਰੀ ਜਾਂ ਆਪਣੇ ਸੁਪਰਵਾਈਜ਼ਰ ਨੂੰ ਦਿਓ।
- ਪਹਿਲਦਾਰੀ ਕਰੋ । ਸਿਹਤ ਤੇ ਸੁਰੱਖਿਆ ਵਿਚ ਸੁਧਾਰ ਕਰਨ ਲਈ ਸਲਾਹ ਮਸ਼ਵਰੇ ਦਿਓ।

WORK SAFE BC

WORKING TO MAKE A DIFFERENCE

worksafebc.com